ਪਿਆਰੇ ਮਰੀਜ਼ / ਪਰਿਵਾਰਕ ਮੈਂਬਰ,

ਇਹ ਬਹੁਤ ਜ਼ਰੂਰੀ ਹੈ ਕਿ ਤੁਹਾਡੀ ਸਾਂਭ ਸੰਭਾਲ ਕਰਨ ਵਾਲੀ ਟੀਮ ਤੁਹਾਡੇ ਲੱਛਣ ਸਮਝੇ ਜੋ ਤੁਹਾਡੇ ਜੀਉਣ ਦੇ ਪੱਧਰ ਤੇ ਸਮੇਂ ਤਕ ਅਸਰ ਪਾਉਂਦੇ ਹਨ ਅਤੇ ਨਿਗਰਾਨੀ ਕਰੇ ।ਇਸ ਸਫੇ ਦੇ ਦੂਜੇ ਪਾਸੇ ਤੇ ਦਿਤੀ ਚੈਕ ਲਿਸਟ ਸਾਨੂੰ ਇਸ ਵਿਚ ਮਦਦ ਕਰੇਗੀ।
ਗੁਰਦੇ ਦੀ ਬੀਮਾਰੀ ਵਾਲੇ ਕੁਝ ਮਰੀਜ਼ਾਂ ਨੂੰ ਇਹੋ ਜਿਹੇ ਲ਼ੱਛਣ ਹੋ ਸਕਦੇ ਹਨ ਜੋ ਉਹਨਾਂ ਦੇ ਜਿਉਣ ਉਪਰ ਅਸਰ ਪਾਉਂਦੇ ਹਨ। ਆਮ ਲੱਛਣਾਂ ਵਿਚ:

- ਠੀਕ ਮਹਿਸੂਸ ਨਾ ਕਰਨਾ
- ਦਰਦ
- ਉਦਾਸੀ , ਖਰਾਬ ਮੂਡ ਜਾਂ ਡਿਪਰੈਸ਼ਨ
- ਜੀ ਕੱਚਾ ਹੋਣਾ
- ਕਮਜ਼ੋਰੀ ਮਹਿਸੂਸ ਕਰਨਾ
- ਚਿੰਤਾ ਜਾਂ ਪਰੇਸ਼ਾਨੀ
- ਘਟ ਭੁੱਖ
- ਲੱਤਾਂ ਵਿਚ ਬੇਚੈਨੀ

ਇਸ ਸਫੇ ਦੇ ਦੂਜੇ ਪਾਸੇ ਮੇਰੇ ਲੱਛਣਾਂ ਦੀ ਚੈਕ ਲਿਸਟ ਭਰੋ॥ ਅਸੀਂ ਜਾਣਨਾ ਚਾਹੁੰਦੇ ਹਾਂ ਕਿ ਪਿਛਲੇ ਹਫਤੇ ਤੁਸੀਂ ਕਿਵੇਂ ਮਹਿਸੂਸ ਕੀਤਾ ਹੈ।ਇਸ ਨਾਲ ਸਾਨੂੰ ਤੁਹਾਡੇ ਲੱਛਣਾਂ ਬਾਰੇ ਪਤਾ ਲਗੇਗਾ ਤੇ ਸਾਨੂੰ ਸਮਝਣ ਵਿਚ ਮਦਦ ਮਿਲੇਗੀ ਕਿ ਉਹ ਤੁਹਾਡੇ ਜੀਉਣ ਨੂੰ ਕਿਵੇਂ ਪ੍ਰਭਾਵਤ ਕਰਦੇ ਹਨ।ਹੋ ਸਕਦਾ ਹੈ ਅਸੀਂ ਸਾਰੇ ਲੱਛਣ ਦੂਰ ਨਾ ਕਰ ਸਕੀਏ ਪਰ ਅਸੀਂ ਤੁਹਾਡੀ ਸਮੁਚੀ ਸਿਹਤ ਠੀਕ ਕਰਨ ਦੀ ਕੋਸ਼ਿਸ਼ ਕਰਾਂਗੇ

ਜੇ ਤੁਹਾਡੇ ਇਸ ਚੈਕ ਲਿਸਟ ਬਾਰੇ ਕੋਈ ਸਵਾਲ ਜਾਂ ਸ਼ੰਕੇ ਹਨ ਤਾਂ ਸਾਨੂੰ ਦਸੋ।

ਤੁਹਾਡੇ ਸ਼ੁਭਚਿੰਤਕ,
ਤੁਹਾਡੇ ਗੁਰਦੇ ਦੀ ਸਾਂਭ ਸੰਭਾਲ ਟੀਮ